**ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ**

**ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ**

**ਸੰ. ਡੀ.ਡੀ.ਐਮ.ਏ./ਕੋਵਿਡ/2020/1/92** **ਮਿਤੀ 24.04.2020**

**ਹੁਕਮ**

ਜਦੋਂ ਕਿ, ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ (ਡੀ.ਡੀ.ਐਮ.ਏ.) ਸੰਤੁਸ਼ਟ ਹੈ ਕਿ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਕੋਵਿਡ–19 ਮਹਾਮਾਰੀ ਦੇ ਫੈਲਣ ਤੋਂ ਚਿੰਤਤ ਹੈ, ਜਿਸ ਨੂੰ ਵਿਸ਼ਵ ਸਿਹਤ ਸੰਗਠਨ ਦੁਆਰਾ ਪਹਿਲਾਂ ਹੀ ਆਲਮੀ ਮਹਾਮਾਰੀ ਐਲਾਨ ਕੀਤਾ ਜਾ ਚੁੱਕਿਆ ਹੈ ਅਤੇ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਵਿਚ ਇਸ ਮਹਾਮਾਰੀ ਨੂੰ ਫੈਲਣ ਤੋਂ ਰੋਕਣ ਲਈ ਪ੍ਰਭਾਵੀ ਕਦਮ ਚੁੱਕੇ ਜਾਣ ਲਈ ਇਸ ਨੂੰ ਜ਼ਰੂਰੀ ਸਮਝਿਆ ਗਿਆ ਹੈ।

ਇਸ ਸਥਿਤੀ ਨਾਲ ਨਿਪਟਣ ਲਈ ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ ਨੇ ਸਮੇਂ-ਸਮੇਂ ਸੰਬੰਧਿਤ ਵਿਭਾਗਾਂ ਨੂੰ ਉਚਿਤ ਉਪਾਅ ਕਰਨ ਲਈ ਵੱਖ-ਵੱਖ ਹਿਦਾਇਤਾਂ ਜਾਰੀ ਕੀਤੀਆਂ ਹਨ।

ਅਤੇ ਜਦੋਂ ਕਿ, ਹੁਕਮ ਨੰ. ਡੀ.ਡੀ.ਐਮ.ਏ./ਕੋਵਿਡ/2020/1/14, ਮਿਤੀ 02.04.2020 ਅਤੇ ਹੁਕਮ ਨੰ. ਡੀ.ਡੀ.ਐਮ.ਏ./ਕੋਵਿਡ/2020/1/23 ਮਿਤੀ 04.04.2020 ਦੇ ਅਨੁਸਾਰ ਜ਼ਿਲ੍ਹਾ ਮੈਜਿਸਟ੍ਰੇਟ ਨੇ ਪ੍ਰਵਾਸੀ ਕਾਮਿਆਂ ਸਮੇਤ ਜ਼ਰੂਰਤਮੰਦ ਲੋਕਾਂ ਨੂੰ ਦਿਨ ਵਿਚ ਦੋ ਵਾਰ ਖਾਣਾ ਮੁਹੱਈਆ ਕਰਾਉਣ ਦਾ ਪ੍ਰਬੰਧ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਦੇ ਸਰਕਾਰੀ ਅਹਾਤੇ ਅਤੇ ਨਗਰ ਨਿਗਮਾਂ ਦੇ ਸਕੂਲਾਂ ਵਿਚ, ਜ਼ਿਲ੍ਹਾ ਮੈਜਿਸਟ੍ਰੇਟ ਅਤੇ ਪੁਲੀਸ ਕਮਿਸ਼ਨਰ ਦੇ ਸਾਂਝੇ ਅੰਦਾਜ਼ੇ ਦੇ ਆਧਾਰ 'ਤੇ ਸੰਬੰਧਿਤ ਏਜੰਸੀਆਂ ਰਾਹੀਂ ਕੀਤਾ ਹੈ।

ਅਤੇ ਜਦੋਂ ਕਿ ਇਹ ਗੱਲ ਸਾਹਮਣੇ ਆਈ ਹੈ ਕਿ ਕੁਝ ਜ਼ਿਲ੍ਹਿਆਂ ਵਿਚ ਕੇਂਦ੍ਰਿਤ ਥਾਵਾਂ 'ਤੇ ਗ਼ਰੀਬ ਅਤੇ ਜ਼ਰੂਰਤਮੰਦ ਲੋਕਾਂ ਨੂੰ ਖਾਣਾ ਮੁਹੱਈਆ ਕਰਵਾਉਣ ਲਈ ਸਰਕਾਰੀ ਸਕੂਲਾਂ ਦੀ ਗਿਣਤੀ ਕਾਫ਼ੀ ਨਹੀਂ ਹੈ।

ਇਸ ਲਈ, ਆਫ਼ਤ ਪ੍ਰਬੰਧਨ ਐਕਟ, 2005 ਦੀ ਧਾਰਾ 22 ਵਿਚ ਮੌਜੂਦ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ, ਨਿਮਨ ਹਸਤਾਖ਼ਰੀ, ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਦੀ ਰਾਜ ਕਾਰਜਕਾਰੀ ਸਮਿਤੀ ਦੇ ਮੁਖੀ ਦੇ ਰੂਪ ਵਿਚ ਨਿਰਦੇਸ਼ ਦਿੱਦੇ ਹਨ ਕਿ ਕਿਸੇ ਖੇਤਰ ਵਿਚ ਸਕੂਲਾਂ ਦੀ ਗਿਣਤੀ ਕਾਫ਼ੀ ਨਾ ਹੋਣ ਦੀ ਸੂਰਤ ਵਿਚ ਜ਼ਿਲ੍ਹਾ ਮੈਜਿਸਟ੍ਰੇਟ ਸੰਬੰਧਿਤ ਪੁਲੀਸ ਕਮਿਸ਼ਨਰ ਦੇ ਨਾਲ ਸਾਂਝੇ ਅੰਦਾਜ਼ੇ ਤੋਂ ਬਾਅਦ ਨਿੱਜੀ ਸਕੂਲ, ਕਮਿਊਨਿਟੀ ਸੈਂਟਰ, ਬਸਤੀ ਵਿਕਾਸ ਕੇਂਦਰ ਜਿਹੇ ਬਦਲਵੇਂ ਥਾਵਾਂ 'ਤੇ ਭੋਜਨ ਕੇਂਦਰ ਸਥਾਪਤ ਕਰ ਸਕਦੇ ਹਨ। ਇਹ ਬਿਹਤਰ ਹੋਏਗਾ ਕਿ ਭੋਜਨ ਵੰਡ ਕੇਂਦਰ ਸਰਕਾਰੀ ਭਵਨ ਦੇ ਅਹਾਤੇ ਵਿਚ ਹੋਵੇ, ਪਰ ਐਮਰਜੈਂਸੀ ਹਾਲਾਤ ਅਤੇ ਸਰਕਾਰੀ ਭਵਨ ਉਪਲਬਧ ਨਾ ਹੋਣ 'ਤੇ ਨਿੱਜੀ ਅਹਾਤੇ ਜ਼ਰੂਰੀ ਪ੍ਰਕਿਰਿਆਵਾਂ ਪੂਰੀਆਂ ਕਰਨ ਤੋਂ ਬਾਅਦ ਪ੍ਰਯੋਗ ਵਿਚ ਲਿਆਏ ਜਾ ਸਕਦੇ ਹਨ। ਪਰੰਤੂ ਇਹ ਯਕੀਨੀ ਬਣਾਇਆ ਜਾਣਾ ਹੈ ਕਿ ਭੋਜਨ ਵੰਡ ਦਾ ਇੰਚਾਰਜ ਕੋਈ ਸੀਨੀਅਰ ਸਰਕਾਰੀ ਕਰਮਚਾਰੀ ਹੋਵੇ। ਹੋਰ ਸ਼ਰਤਾਂ ਦਾ ਜ਼ਿਕਰ ਹੁਕਮ ਨੰ. ਡੀ.ਡੀ.ਐਮ.ਏ./ਕੋਵਿਡ/2020/1/14 ਮਿਤੀ 02.04.2020 ਅਤੇ ਹੁਕਮ ਨੰ. ਡੀ.ਡੀ.ਐਮ.ਏ./ਕੋਵਿਡ/2020/1/23 ਮਿਤੀ 04.04.2020 ਵਿਚ ਲਿਖੀਆਂ ਸ਼ਰਤਾਂ ਨਾ–ਬਦਲਣਯੋਗ ਰਹਿਣਗੀਆਂ।

ਨੱਥੀ : ਉੱਪਰ ਦੱਸੇ ਅਨੁਸਾਰ

(ਵਿਜੇ ਦੇਵ)
ਮੁੱਖ ਸਕੱਤਰ, ਦਿੱਲੀ

ਸੇਵਾ ਵਿਚ :

1 ਸਾਰੇ ਜ਼ਿਲ੍ਹਾ ਮੈਜਿਸਟ੍ਰੇਟ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

2 ਜ਼ਿਲ੍ਹਾ ਪੁਲੀਸ ਕਮਿਸ਼ਨਰ, ਦਿੱਲੀ ਪੁਲੀਸ

ਨੰ. ਡੀ.ਡੀ.ਐਮ.ਏ./ਕੋਵਿਡ/2020/92 ਮਿਤੀ ; 24.04.2020

ਸੂਚਨਾ ਹਿੱਤ ਕਾਪੀ

1 ਮੁੱਖ ਸਕੱਤਰ, ਮਾਣਯੋਗ ਉੱਪ-ਰਾਜਪਾਲ, ਦਿੱਲੀ।

2 ਵਧੀਕ ਸਕੱਤਰ, ਮਾਣਯੋਗ ਮੁੱਖ-ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

3 ਸਕੱਤਰ, ਮਾਣਯੋਗ ਉੱਪ ਮੁੱਖ-ਮੰਤਰੀ, ਰਾਸ਼ਟਰੀ ਰਾਜਧਾਨੀ, ਖੇਤਰ, ਦਿੱਲੀ ਸਰਕਾਰ।

4 ਸਕੱਤਰ, ਮਾਣਯੋਗ ਵਿੱਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

5 ਵਧੀਕ ਮੁੱਖ ਸਕੱਤਰ (ਗ੍ਰਹਿ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

6 ਪ੍ਰਧਾਨ ਸਕੱਤਰ (ਮਾਲੀਆ)-ਸਹਿ-ਮੰਡਲੀ ਕਮਿਸ਼ਨਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

7 ਸਾਰੇ ਮੈਂਬਰ, ਮਾਲੀਆ ਕਾਰਜਕਾਰੀ ਸਮਿਤੀ, ਡੀ.ਡੀ.ਐਮ.ਏ., ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

8 ਨਿਰਦੇਸ਼ਕ, ਸੂਚਨਾ ਅਤੇ ਪ੍ਰਚਾਰ ਨਿਦੇਸ਼ਾਲਾ ਨੂੰ ਵਿਆਪਕ ਪ੍ਰਚਾਰ ਲਈ।

9 ਐਸ.ਆਈ.ਓ., ਐਨ.ਆਈ.ਸੀ. ਨੂੰ ਦਿੱਲੀ ਸਰਕਾਰ ਦੀ ਵੈੱਬ-ਸਾਈਟ 'ਤੇ ਅੱਪਲੋਡ ਕਰਨ ਲਈ।

10 ਗਾਰਡ ਫਾਈਲ।